ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
12 Beds, 7 Baths For 24 Guests 905-965-4644
Home Care Workers ਅਤੇ Nanies ਲਈ PR 416-848-3930
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਬੈੱਡ ਥਰਾਜ਼ (ਖਟਮਲ) ਖ਼ਤਮ 647-688-3944
ਦੰਦ ਲਗਵਾਓ FREE ਮੁਫ਼ਤ 905-458-3344 With CDCP

ਇੱਕ ਡੀਲ ਨਾਲ ਹੀ Musk ਦੀ ਦੌਲਤ 'ਚ ਹੋ ਗਿਆ ਭਾਰੀ ਵਾਧਾ

ਨਿਊ ਯੌਰਕ: ਟੈੱਸਲਾ ਦੇ ਮਾਲਕ ਅਤੇ ਵਿਸ਼ਵ-ਪ੍ਰਸਿੱਧ ਉਦਯੋਗਪਤੀ ਈਲੌਨ ਮਸਕ ਨੇ ਇੱਕ ਵਾਰ ਫ਼ਿਰ ਇਤਿਹਾਸ ਰਚਿਆ ਹੈ। ਏਅਰੋਸਪੇਸ ਕੰਪਨੀ ਸਪੇਸਐੱਕਸ ਦੁਆਰਾ ਆਪਣੀ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਸੋਸ਼ਲ ਮੀਡੀਆ ਫ਼ਰਮ X AI ਨੂੰ ਪ੍ਰਾਪਤ ਕਰਨ ਤੋਂ ਬਾਅਦ ਮਸਕ ਦੀ ਦੌਲਤ 'ਚ ਭਾਰੀ ਵਾਧਾ ਹੋਇਆ ਹੈ। ਉਸ ਦੀ ਕੁੱਲ ਜਾਇਦਾਦ ਹੁਣ $800 ਬਿਲੀਅਨ ਨੂੰ ਪਾਰ ਕਰ ਗਈ ਹੈ ਜਿਸ ਨਾਲ ਉਹ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਬਣ ਗਿਆ ਹੈ।

ਫ਼ੋਰਬਜ਼ ਅਨੁਸਾਰ, ਸਪੇਸਐੱਕਸ ਅਤੇ X AI ਦੇ ਰਲੇਵੇਂ ਨਾਲ ਦੋਵਾਂ ਕੰਪਨੀਆਂ ਦਾ ਸੰਯੁਕਤ ਮੁੱਲ ਲਗਭਗ 1.25 ਟ੍ਰਿਲੀਅਨ ਰੁਪਏ ਹੋ ਗਿਆ ਹੈ। ਇਸ ਸੌਦੇ ਨੇ ਮਸਕ ਦੀ ਦੌਲਤ 'ਚ ਲਗਭਗ 84 ਬਿਲੀਅਨ ਡਾਲਰ ਦਾ ਵਾਧਾ ਕੀਤਾ ਹੈ। ਉਸ ਦੀ ਕੁੱਲ ਜਾਇਦਾਦ ਵਰਤਮਾਨ 'ਚ ਲਗਭਗ 852 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ।

ਸਪੇਸਐੱਕਸ-X AI ਡੀਲ ਨੇ ਉਸ ਦੀ ਦੌਲਤ ਨੂੰ ਕਿਵੇਂ ਵਧਾਇਆ: ਰਲੇਵੇਂ ਤੋਂ ਪਹਿਲਾਂ ਈਲੌਨ ਮਸਕ ਕੋਲ ਸਪੇਸਐਕਸ 'ਚ ਲਗਭਗ 42% ਹਿੱਸੇਦਾਰੀ ਸੀ ਜਿਸ ਦੀ ਕੀਮਤ ਦਸੰਬਰ 'ਚ ਇੱਕ ਟੈਂਡਰ ਪੇਸ਼ਕਸ਼ ਤੋਂ ਬਾਅਦ ਲਗਭਗ $800 ਬਿਲੀਅਨ ਸੀ। ਇਸ 'ਚ ਮਸਕ ਦੀ ਹਿੱਸੇਦਾਰੀ ਲਗਭਗ $336 ਬਿਲੀਅਨ ਸੀ।

ਉਸ ਦੀ X AI 'ਚ ਲਗਭਗ 49% ਹਿੱਸੇਦਾਰੀ ਵੀ ਸੀ ਜਿਸ ਦੀ ਕੀਮਤ ਇਸ ਮਹੀਨੇ ਦੇ ਸ਼ੁਰੂ 'ਚ ਇੱਕ ਨਿੱਜੀ ਫ਼ੰਡਰੇਜ਼ਿੰਗ ਦੌਰ ਤੋਂ ਬਾਅਦ ਲਗਭਗ $250 ਬਿਲੀਅਨ ਸੀ। ਇਸ ਨਾਲ X AI 'ਚ ਮਸਕ ਦੀ ਹਿੱਸੇਦਾਰੀ ਲਗਭਗ $122 ਬਿਲੀਅਨ ਹੋ ਗਈ।

ਰਲੇਵੇਂ ਤੋਂ ਬਾਅਦ ਸਪੇਸਐੱਕਸ ਦੀ ਕੀਮਤ ਲਗਭਗ $1 ਟ੍ਰਿਲੀਅਨ ਹੈ ਜਦੋਂ ਕਿ X AI ਦੀ ਕੀਮਤ $250 ਬਿਲੀਅਨ ਤਕ ਪਹੁੰਚ ਗਈ ਹੈ। ਫ਼ੋਰਬਜ਼ ਦੇ ਅਨੁਮਾਨਾਂ ਅਨੁਸਾਰ ਮਸਕ ਕੋਲ ਨਵੀਂ ਰਲੇਵੇਂ ਵਾਲੀ ਕੰਪਨੀ ਦਾ ਲਗਭਗ 43% ਹਿੱਸਾ ਹੈ ਜਿਸ ਦੀ ਕੁੱਲ ਕੀਮਤ ਲਗਭਗ $542 ਬਿਲੀਅਨ ਹੈ।

ਰਲੇਵੇਂ ਦਾ ਉਦੇਸ਼ ਕੀ ਹੈ ? ਸਪੇਸ ਟ੍ਰਾਂਸਪੋਰਟੇਸ਼ਨ ਅਤੇ ਸੰਚਾਰ ਕੰਪਨੀ ਸਪੇਸਐੱਕਸ, ਅਤੇ AI ਸਟਾਰਟਅੱਪ X AI ਦੇ ਰਲੇਵੇਂ ਦਾ ਉਦੇਸ਼ ਪੁਲਾੜ 'ਚ AI ਕੰਪਿਊਟਿੰਗ ਸਮਰਥਾਵਾਂ ਨੂੰ ਵਧਾਉਣਾ ਦੱਸਿਆ ਜਾਂਦਾ ਹੈ। ਇਸ ਯੋਜਨਾ ਤਹਿਤ ਵੱਡੀ ਗਿਣਤੀ 'ਚ ਸੈਟੇਲਾਈਟਸ ਪੁਲਾੜ 'ਚ ਭੇਜੇ ਜਾਣਗੇ ਜੋ ਡੇਟਾ ਸੈਂਟਰਾਂ ਵਜੋਂ ਕੰਮ ਕਰਨਗੇ।

ਇਹ ਈਲੌਨ ਮਸਕ ਦੀਆਂ ਦੋ ਕੰਪਨੀਆਂ ਵਿਚਕਾਰ ਇੱਕ ਸਾਲ ਤੋਂ ਵੀ ਘੱਟ ਸਮੇਂ 'ਚ ਦੂਜਾ ਰਲੇਵਾਂ ਹੈ। ਇਸ ਤੋਂ ਪਹਿਲਾਂ ਮਾਰਚ 2025 'ਚ, ਮਸਕ ਨੇ ਆਪਣੇ ਈ ਸਟਾਰਟਅੱਪ ਨਈ ਨੂੰ ਸੋਸ਼ਲ ਮੀਡੀਆ ਪਲੇਟਫ਼ਾਰਮ ਯ ਨਾਲ ਰਲਾਇਆ ਸੀ।

HOME CARE WROKER / ਨੈਨੀ ਵਜੋਂ IMMIGRATION ਲੈਣ ਵਾਲਿਆਂ ਲਈ ਖ਼ੁਸ਼ਖ਼ਬਰੀ

(Applied on 31 March 2025)

ATTENTION: ਜਿਨ੍ਹਾਂ ਬਿਨੇਕਾਰਾਂ ਨੇ 31 ਮਾਰਚ 2025 ਨੂੰ Nanny Caregiver ਪ੍ਰੋਗਰਾਮ ਦੇ HOME CARE WROKER IMMIGRATION PILOT (HCWIP) ਲਈ Canada 'ਚ ਰਹਿੰਦੇ ਹੋਏ ਆਪਣੀ Permanent Residency ਵਾਸਤੇ ਅਰਜ਼ੀ ਦਿੱਤੀ ਹੈ, ਅਤੇ ਪ੍ਰੋਗਰਾਮ ਅਧੀਨ ਹਾਲੇ ਤਕ ਉਨ੍ਹਾਂ ਨੂੰ ARO (ਫ਼ਾਈਲ ਨੰਬਰ) ਪ੍ਰਾਪਤ ਨਹੀਂ ਹੋਇਆ ਜਾਂ Canada 'ਚ ਰਹਿੰਦੇ ਕਈ ਜਿਨ੍ਹਾਂ ਦਾ ਵਰਕ ਪਰਮਿਟ ਜਲਦੀ ਖ਼ਤਮ ਹੋਣ ਵਾਲਾ ਹੈ ਅਤੇ ਉਨ੍ਹਾਂ ਕੋਲ ਸਮਾਂ ਘੱਟ ਬਚਿਆ ਹੈ (ਚਾਰ ਮਹੀਨੇ ਜਾਂ ਉਸ ਤੋਂ ਘੱਟ), ਤਾਂ ਉਹ ਕਿਰਪਾ ਕਰ ਕੇ ਮੇਰੇ ਨਾਲ ਸੰਪਰਕ ਕਰਨ। ਮੈਂ ਤੁਹਾਨੂੰ ARO ਦੀ ਉਡੀਕ ਦੌਰਾਨ ਤੁਹਾਡਾ Status ਬਰਕਰਾਰ ਰੱਖਣ 'ਚ ਮਦਦ ਕਰ ਸਕਦਾ ਹਾਂ। ਚੇਤੇ ਰੱਖੋ ਕਿ HCWIP Program ਤਹਿਤ ਤੁਹਾਨੂੰ Status ਕਾਇਮ ਰੱਖਣਾ ਜ਼ਰੂਰੀ ਹੈ।

HSWP RO HCCPP (Applied between 2019-2024): ਜੋ ਲੋਕ Home Support Worker Pilot (HSWP) ਜਾਂ Home Childcare Provider Pilot (HCCPP) ਪ੍ਰੋਗਰਾਮ ਤਹਿਤ Canada ਪਹੁੰਚੇ ਅਤੇ ਕੈਨੇਡਾ 'ਚ ਛੇ ਮਹੀਨੇ ਦਾ ਤਜਰਬਾ ਪੂਰਾ ਕਰ ਚੁੱਕੇ ਹਨ, ਉਹ ਹੁਣ PR ਲਈ ਅਰਜ਼ੀ ਦੇ ਸਕਦੇ ਹਨ।

ਜਿਨ੍ਹਾਂ ਨੇ ਅਰਜ਼ੀ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ Approval in Principle (AIP) ਦਾ ਲੈਟਰ ਮਿਲ ਗਿਆ ਹੈ, ਉਹ Bridging Open Work Permit (BOWP) ਲਈ ਵੀ ਐਪਲਾਈ ਕਰ ਸਕਦੇ ਹਨ। ਪਰ ਜੇ ਅਜੇ ਤਕ Approval in Principal letter ਵੀ ਨਹੀਂ ਮਿਲਿਆ ਅਤੇ Work Permit ਦਾ ਸਮਾਂ, ਜੋ ਤੁਹਾਡੇ Canada ਪਹੁੰਚਣ ਤੋਂ ਬਾਅਦ 36 ਮਹੀਨਿਆਂ ਵਾਸਤੇ ਮਿਲਿਆ ਸੀ, ਹੁਣ Expire ਹੋਣ ਦੇ ਨੇੜੇ ਹੈ ਤਾਂ ਉਹ ਵੀ ਆਪਣਾ Status ਬਰਕਰਾਰ ਰੱਖਣ ਵਾਸਤੇ ਮੈਨੂੰ Contact ਕਰਨ।

ਇਸ ਤੋਂ ਇਲਾਵਾ ਜਿਨ੍ਹਾਂ ਨੇ 2019-2024 'ਚ ਆਪਣੀ ਫ਼ਾਈਲ India ਤੋਂ ਜਾਂ ਕਿਸੇ ਹੋਰ ਦੇਸ਼ ਤੋਂ ਲਗਾਈ ਹੈ ਅਤੇ ਆਪਣੀ ਫ਼ਾਈਲ 'ਤੇ Update ਚਾਹੁੰਦੇ ਹਨ ਕਿਉਂਕਿ ਕਈਆਂ ਦਾ ਮੈਡੀਕਲ ਵੀ Expire ਹੋਣ ਵਾਲ ਹੈ, ਉਹ ਵੀ ਮੈਨੂੰ Contact ਕਰ ਸਕਦੇ ਹਨ। ਕੁੱਝ ਫ਼ਾਈਲਾਂ 'ਚ ਇਹ ਵੀ ਦੇਖਣ ਨੂੰ ਆਇਆ ਹੈ ਕਿ Immigration ਵਾਲਿਆਂ ਤੋਂ ਗ਼ਲਤੀ ਹੋਈ ਹੈ।

ਵਧੇਰੇ ਜਾਣਕਾਰੀ ਲਈ ਅਤੇ ਆਪਣੇ ਕੇਸ ਸਬੰਧੀ ਗੱਲਬਾਤ ਲਈ Global Village Immigration Solutions Ltd. ਦੇ ਹਰਮਨਜੋਤ ਸੋਢੀ ਨਾਲ 416-848-3930 'ਤੇ ਸੰਪਰਕ ਕਰੋ।

ਲੌਰੈਂਸ ਮੇਰੇ ਲਈ ਬੱਚਾ ਹੈ - Gangster Bhatti

ਲੰਡਨ: ਪਿਛਲੇ ਕੁੱਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ 'ਤੇ ਹੋਏ ਜਾਨਲੇਵਾ ਹਮਲੇ ਦੀਆਂ ਖ਼ਬਰਾਂ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਸਨ। ਇਨ੍ਹਾਂ ਅਫ਼ਵਾਹਾਂ 'ਤੇ ਹੁਣ ਖ਼ੁਦ ਸ਼ਹਿਜ਼ਾਦ ਭੱਟੀ ਨੇ ਵਿਰਾਮ ਲਗਾ ਦਿੱਤਾ ਹੈ। ਭੱਟੀ ਨੇ ਇੱਕ ਵੀਡੀਓ ਜਾਰੀ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਉਹ ਬਿਲਕੁਲ ਠੀਕ ਹੈ, ਅਤੇ ਉਸ 'ਤੇ ਕੋਈ ਹਮਲਾ ਨਹੀਂ ਹੋਇਆ।

ਲੌਰੈਂਸ ਬਿਸ਼ਨੋਈ ਬਾਰੇ ਦਿੱਤਾ ਵੱਡਾ ਬਿਆਨ: ਭੱਟੀ ਨੇ ਸਪੱਸ਼ਟ ਕੀਤਾ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਹੈ। ਉਸ ਨੇ ਆਪਣੇ 'ਤੇ ਹੋਏ ਹਮਲੇ ਦੇ ਦਾਅਵੇ ਨੂੰ ਖ਼ਾਰਿਜ ਕਰ ਦਿੱਤਾ ਹੈ। ਭੱਟੀ ਨੇ ਕਿਹਾ ਕਿ ਮੈਂ ਕਦੇ ਪੁਰਤਗਾਲ ਗਿਆ ਹੀ ਨਹੀਂ, ਅਤੇ ਨਾ ਹੀ ਮੇਰੇ 'ਤੇ ਕਿਸੇ ਤਰ੍ਹਾਂ ਦੀ ਕੋਈ ਫ਼ਾਇਰਿੰਗ ਹੋਈ ਹੈ। ਮੇਰੇ 'ਤੇ ਫ਼ਾਇਰਿੰਗ ਅਤੇ ਮੇਰੀ ਮੌਤ ਬਾਰੇ ਲੌਰੈਂਸ ਦੀ ਸੋਸ਼ਲ ਮੀਡੀਆ 'ਤੇ ਪਾਈ ਗਈ ਪੋਸਟ ਪੂਰੀ ਤਰ੍ਹਾਂ ਝੂਠੀ ਹੈ।" ਭੱਟੀ ਨੇ ਲੌਰੈਂਸ ਨੂੰ ਬੱਚਾ ਕਹਿੰਦਿਆਂ ਕਿਹਾ, "ਉਹ ਮੇਰੇ ਹੱਥਾਂ ਵਿੱਚ ਪਲਿਆ ਹੈ। ਮੈਂ ਤਾਂ ਉਸ ਨੂੰ ਕੋਈ ਗੈਂਗਸਟਰ ਹੀ ਨਹੀਂ ਮੰਨਦਾ।"

ਕੀ ਸੀ ਪੂਰਾ ਮਾਮਲਾ ? ਦਰਅਸਲ ਲੌਰੈਂਸ ਗੈਂਗ ਨਾਲ ਸਬੰਧਤ ਗੈਂਗਸਟਰ ਰਣਦੀਪ ਮਲਿਕ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਪਾ ਕੇ ਪਾਕਿਸਤਾਨ ਦੇ ਬਦਨਾਮ ਗੈਂਗਸਟਰ ਅਤੇ ਅਤਿਵਾਦੀ ਸ਼ਹਿਜ਼ਾਦ ਭੱਟੀ 'ਤੇ ਹਮਲੇ ਦਾ ਦਾਅਵਾ ਕੀਤਾ ਗਿਆ ਸੀ। ਸ਼ਹਿਜ਼ਾਦ ਭੱਟੀ ਉਹੀ ਗੈਂਗਸਟਰ ਹੈ ਜਿਸ ਨੇ ਖੁੱਲ੍ਹੇਆਮ ਅਨਮੋਲ ਬਿਸ਼ਨੋਈ ਅਤੇ ਲੌਰੈਂਸ ਬਿਸ਼ਨੋਈ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਪੋਸਟ ਮੁਤਾਬਿਕ ਲੌਰੈਂਸ ਗੈਂਗ ਨੇ ਸ਼ਹਿਜ਼ਾਦ ਭੱਟੀ ਨੂੰ ਪੁਰਤਗਾਲ ਵਿੱਚ ਟ੍ਰੈਕ ਕੀਤਾ ਸੀ, ਅਤੇ ਉੱਥੇ ਹੀ ਗੈਂਗ ਨੇ ਉਸ 'ਤੇ ਹਮਲਾ ਕਰਵਾਇਆ। ਪੋਸਟ 'ਚ ਲਿਖਿਆ ਗਿਆ ਸੀ, "ਇਹ ਜੋ ਸ਼ਹਿਜ਼ਾਦ ਭੱਟੀ 'ਤੇ ਹਮਲਾ ਹੋਇਆ ਹੈ, ਇਹ ਮੈਂ (ਰਣਦੀਪ ਮਲਿਕ) ਅਤੇ ਅਨਿਲ ਪੰਡਿਤ (ਅਮਰੀਕਾ) ਨੇ ਕਰਵਾਇਆ ਹੈ, ਜੋ ਵੀ ਸਾਡੇ ਦੇਸ਼ ਖ਼ਿਲਾਫ਼ ਅਤੇ ਲੌਰੈਂਸ ਭਰਾ ਦੇ ਖ਼ਿਲਾਫ਼ ਬੋਲੇਗਾ, ਉਸ ਦੀ ਆਵਾਜ਼ ਬੰਦ ਕਰਨ ਦਾ ਯਤਨ ਇਸੇ ਤਰ੍ਹਾਂ ਜਾਰੀ ਰਹੇਗਾ।"ਕੁੱਝ ਪੋਸਟਾਂ 'ਚ ਤਾਂ ਭੱਟੀ ਦੀ ਮੌਤ ਤਕ ਦੀ ਅਫ਼ਵਾਹ ਫ਼ੈਲਾ ਦਿੱਤੀ ਗਈ ਸੀ।

US ਸ਼ੇਅਰ ਬਾਜ਼ਾਰ 'ਚ AI ਨੇ ਇੱਕੋ ਝਟਕੇ 'ਚ ਡੁੱਬੇ 26 ਹਜ਼ਾਰ ਅਰਬ

ਵਾਸ਼ਿੰਗਟਨ: ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਦੀ ਦੁਨੀਆਂ 'ਚ ਆਈ ਇੱਕ ਨਵੀਂ ਕ੍ਰਾਂਤੀ ਨੇ ਅਮਰੀਕੀ ਸ਼ੇਅਰ ਬਾਜ਼ਾਰ 'ਚ ਹਾਹਾਕਾਰ ਮਚਾ ਦਿੱਤੀ ਹੈ। Anthropic ਕੰਪਨੀ ਵੱਲੋਂ ਲੌਂਚ ਕੀਤੇ ਗਏ ਇੱਕ ਨਵੇਂ AI Tool ਕਾਰਨ ਮਾਰਕੀਟ 'ਚੋਂ 285 ਅਰਬ ਡਾਲਰ ਸਾਫ਼ ਹੋ ਗਏ ਹਨ। ਇਸ ਟੂਲ ਦੀ ਐਂਟਰੀ ਨੇ ਖ਼ਾਸ ਤੌਰ 'ਤੇ ਸੌਫ਼ਟਵੇਅਰ, ਲੀਗਲ ਟੈੱਕ (ਕਾਨੂੰਨੀ ਤਕਨੀਕ) ਅਤੇ ਵਿੱਤੀ ਸੇਵਾਵਾਂ ਵਾਲੇ Stocks ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ।

ਕਿਉਂ ਮਚਿਆ ਬਾਜ਼ਾਰ 'ਚ ਹੰਗਾਮਾ ? Anthropic ਨੇ ਆਪਣੇ ਏਜੰਟਿਕ AI ਅਸਿਸਟੈਂਟ Claude Cowork ਲਈ 11 ਨਵੇਂ ਓਪਨ ਸੋਰਸ ਪਲੱਗਇਨਜ਼ ਲੌਂਚ ਕੀਤੇ ਹਨ। ਹੁਣ ਤਕ ਬਾਜ਼ਾਰ 'ਚ ਆਉਣ ਵਾਲੇ ਜ਼ਿਆਦਾਤਰ AI ਟੂਲਜ਼ ਦਾ ਫ਼ੋਕੱਸ ਕੋਡਿੰਗ ਵਰਗੇ ਕੰਮਾਂ 'ਤੇ ਸੀ, ਪਰ ਇਹ ਨਵਾਂ ਟੂਲ ਨੌਨ-ਕੋਡਿੰਗ (Non-coding) ਕੰਮਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਇਸ ਦੀ ਮਦਦ ਨਾਲ ਕੰਪਨੀਆਂ ਆਪਣੇ ਕਈ ਰੋਜ਼ਾਨਾ ਦੇ ਕੰਮਾਂ ਨੂੰ Automate (ਖ਼ੁਦਚਲਿਤ) ਕਰ ਸਕਦੀਆਂ ਹਨ।

ਵੱਡੀਆਂ ਕੰਪਨੀਆਂ ਲਈ ਬਣਿਆ ਵੱਡਾ ਖ਼ਤਰਾ: ਇਸ AI ਟੂਲ ਦੇ ਆਉਣ ਨਾਲ IT ਕੰਪਨੀਆਂ 'ਚ ਹੜਕੰਪ ਮਚ ਗਿਆ ਹੈ, ਅਤੇ ਕਈ ਕੰਪਨੀਆਂ ਦੇ Stocks 25 ਫ਼ੀਸਦੀ ਤਕ ਡਿੱਗ ਗਏ ਹਨ। ਇਹ ਟੂਲ ਫ਼ਾਈਲਾਂ ਨੂੰ ਪੜ੍ਹਨ, ਫ਼ੋਲਡਰਾਂ ਨੂੰ ਵਿਵਸਥਿਤ ਕਰਨ, ਦਸਤਾਵੇਜ਼ ਡਰਾਫ਼ਟ ਕਰਨ ਅਤੇ ਯੂਜ਼ਰ ਲਈ ਕਈ ਪੜਾਵਾਂ ਵਾਲੇ ਗੁੰਝਲਦਾਰ ਕੰਮਾਂ ਨੂੰ ਪੂਰਾ ਕਰਨ 'ਚ ਸਮਰੱਥ ਹੈ।



ਸੂਤਰਾਂ ਮੁਤਾਬਿਕ, ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ Anthropic ਹੁਣ ਸਿਰਫ਼ AI ਮਾਡਲ ਹੀ ਨਹੀਂ ਵੇਚ ਰਹੀ ਸਗੋਂ ਉਸ ਨੇ ਵਰਕਫ਼ਲੋ (Workflow) ਸੇਵਾਵਾਂ 'ਤੇ ਆਪਣਾ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ ਹੈ। ਉਦਾਹਰਣ ਵਜੋਂ ਜੇਕਰ Anthropic ਸਿੱਧੇ ਤੌਰ 'ਤੇ ਰੈਡੀਮੇਡ ਹੱਲ ਵੇਚਣਾ ਸ਼ੁਰੂ ਕਰਦੀ ਹੈ, ਤਾਂ ਉਹ ਠਹੋਮਸੋਨ ਉਟਏਰਸ ਵਰਗੀਆਂ ਵੱਡੀਆਂ ਸੇਵਾ ਪ੍ਰਦਾਤਾ ਕੰਪਨੀਆਂ ਲਈ ਸਹਿਯੋਗੀ ਦੀ ਬਜਾਏ ਇੱਕ ਵੱਡਾ ਮੁਕਾਬਲੇਬਾਜ਼ (Competition) ਬਣ ਜਾਵੇਗੀ। ਇਹੀ ਕਾਰਨ ਹੈ ਕਿ ਨਿਵੇਸ਼ਕਾਂ 'ਚ ਡਰ ਦਾ ਮਾਹੌਲ ਹੈ ਅਤੇ ਬਾਜ਼ਾਰ 'ਚ ਭਾਰੀ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ।

ਇਨ੍ਹਾਂ ਕੰਮਾਂ 'ਤੇ ਪਵੇਗਾ ਸਭ ਤੋਂ ਵੱਧ ਅਸਰ: ਦਸਤਾਵੇਜ਼ ਤਿਆਰ ਕਰਨਾ: ਆਪਣੇ ਆਪ ਦਸਤਾਵੇਜ਼ ਡਰਾਫ਼ਟ ਕਰਨਾ। **ਡੇਟਾ ਪ੍ਰਬੰਧਨ:** ਫ਼ਾਈਲਾਂ ਅਤੇ ਫ਼ੋਲਡਰਾਂ ਨੂੰ ਔਰਗੇਨਾਈਜ਼ ਕਰਨਾ। **ਕਾਨੂੰਨੀ ਕੰਮ:** ਲੀਗਲ ਵਰਕਫ਼ਲੋ ਨੂੰ ਔਟੋਮੇਟ ਕਰਨਾ। **ਵਿੱਤੀ ਸੇਵਾਵਾਂ:** ਕੰਪਨੀਆਂ ਦੇ ਮਲਟੀ-ਸਟੈੱਪ ਟਾਸਕ ਪੂਰੇ ਕਰਨਾ।

DENTISTRY
PROFESSIONAL CORPORATION
* Scaling, Polishing * Fillings
* Bleaching * Extractions
* Crown, Bridges * Root Canals
* Dentures * Gum Treatment
DENTISTRY
BRACES TREATMENT FOR KIDS & ADULTS
For Free Dental Care & Dentures
Under Insurance Coverage Accepted
Direct Billing to Insurance Company
Punjabi Speaking Dentist Available
Ph. 647-625-7205
Dr. Sandhu Charolais/Mavis Dental Centre
(In Shoppers Drug Mart Plaza)
510 Charolais Blvd.
Unit 4, Brampton, ON L6Y 0R5
Phone: 905 455 8585
Gore Ebenezer Dental Centre
4550 Ebenezer Road
Unit No. 2 & 3 Brampton, On L6P 2R2
Phone: 905-794-5667
ਆਪਣੇ ਦੰਦਾਂ ਦੀ ਸੰਭਾਲ ਅਤੇ ਹਰ ਤਰ੍ਹਾਂ ਦੇ ਇਲਾਜ ਲਈ ਤੁਹਾਡਾ ਆਪਣਾ ਫੈਮਿਲੀ ਡੈਂਟਲ ਸੈਂਟਰ
Monday to Friday: 11 am to 7 pm, Saturday: 10 am to 3 pm
(with appointment only)

GLOBAL VILLAGE IMMIGRATION SOLUTIONS LTD
HOME CARE WORKER IMMIGRATION PILOT
(Applied on 31 March 2025)
ATTENTION: ਜਿਨ੍ਹਾਂ ਬਿਨੇਕਾਰਾਂ ਨੇ 31 ਮਾਰਚ 2025 ਨੂੰ Nanny Caregiver ਪ੍ਰੋਗਰਾਮ ਦੇ HOME CARE WORKER IMMIGRATION PILOT (HCWIP) ਲਈ Canada 'ਚ ਰਹਿੰਦੇ ਹੋਏ ਆਪਣੀ Permanent Residency ਵਾਸਤੇ ਅਰਜ਼ੀ ਦਿੱਤੀ ਹੈ, ਅਤੇ ਪ੍ਰੋਗਰਾਮ ਅਧੀਨ ਹਾਲੇ ਤਕ ਉਨ੍ਹਾਂ ਨੂੰ AOR (ਫ਼ਾਈਲ ਨੰਬਰ) ਪ੍ਰਾਪਤ ਨਹੀਂ ਹੋਇਆ ਜਾਂ Canada 'ਚ ਰਹਿੰਦੇ ਕਈ ਜਿਨ੍ਹਾਂ ਦਾ ਵਰਕ ਪਰਮਿਟ ਜਲਦੀ ਖ਼ਤਮ ਹੋਣ ਵਾਲਾ ਹੈ ਅਤੇ ਉਨ੍ਹਾਂ ਕੋਲ ਸਮਾਂ ਘੱਟ ਬਚਿਆ ਹੈ (ਚਾਰ ਮਹੀਨੇ ਜਾਂ ਉਸ ਤੋਂ ਘੱਟ), ਤਾਂ ਉਹ ਕਿਰਪਾ ਕਰ ਕੇ ਮੇਰੇ ਨਾਲ ਸੰਪਰਕ ਕਰਨ। ਮੈਂ ਤੁਹਾਨੂੰ AOR ਦੀ ਉਡੀਕ ਦੌਰਾਨ ਤੁਹਾਡਾ Status ਬਰਕਰਾਰ ਰੱਖਣ 'ਚ ਮਦਦ ਕਰ ਸਕਦਾ ਹਾਂ। ਚੇਤੇ ਰੱਖੋ ਕਿ HCWIP Program ਤਹਿਤ ਤੁਹਾਨੂੰ Status ਕਾਇਮ ਰੱਖਣਾ ਜ਼ਰੂਰੀ ਹੈ।
HSWP OR HCCPP (Applied between 2019-2024): ਜੋ ਲੋਕ Home Support Worker Pilot (HSWP) ਜਾਂ Home Childcare Provider Pilot (HCCPP) ਪ੍ਰੋਗਰਾਮ ਤਹਿਤ Canada ਪਹੁੰਚੇ ਅਤੇ ਕੈਨੇਡਾ 'ਚ ਛੇ ਮਹੀਨੇ ਦਾ ਤਜਰਬਾ ਪੂਰਾ ਕਰ ਚੁੱਕੇ ਹਨ, ਉਹ ਹੁਣ PR ਲਈ ਅਰਜ਼ੀ ਦੇ ਸਕਦੇ ਹਨ।
ਜਿਨ੍ਹਾਂ ਨੇ ਅਰਜ਼ੀ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ Approval in Principle (AIP) ਦਾ ਲੈਟਰ ਮਿਲ ਗਿਆ ਹੈ, ਉਹ Bridging Open Work Permit (BOWP) ਲਈ ਵੀ ਐਪਲਾਈ ਕਰ ਸਕਦੇ ਹਨ। ਪਰ ਜੇ ਅਜੇ ਤਕ Approval in Principal letter ਵੀ ਨਹੀਂ ਮਿਲਿਆ ਅਤੇ Work Permit ਦਾ ਸਮਾਂ, ਜੋ ਤੁਹਾਡੇ Canada ਪਹੁੰਚਣ ਤੋਂ ਬਾਅਦ 36 ਮਹੀਨਿਆਂ ਵਾਸਤੇ ਮਿਲਿਆ ਸੀ, ਹੁਣ Expire ਹੋਣ ਦੇ ਨੇੜੇ ਹੈ ਤਾਂ ਉਹ ਵੀ ਆਪਣਾ Status ਬਰਕਰਾਰ ਰੱਖਣ ਵਾਸਤੇ ਮੈਨੂੰ Contact ਕਰਨ।
ਇਸ ਤੋਂ ਇਲਾਵਾ ਜਿਨ੍ਹਾਂ ਨੇ 2019-2024 'ਚ ਆਪਣੀ ਫ਼ਾਈਲ India ਤੋਂ ਜਾਂ ਕਿਸੇ ਹੋਰ ਦੇਸ਼ ਤੋਂ ਲਗਾਈ ਹੈ ਅਤੇ ਆਪਣੀ ਫ਼ਾਈਲ 'ਤੇ Update ਚਾਹੁੰਦੇ ਹਨ ਕਿਉਂਕਿ ਕਈਆਂ ਦਾ ਮੈਡੀਕਲ ਵੀ Expire ਹੋਣ ਵਾਲ ਹੈ, ਉਹ ਵੀ ਮੈਨੂੰ Contact ਕਰ ਸਕਦੇ ਹਨ। ਕੁੱਝ ਫ਼ਾਈਲਾਂ 'ਚ ਇਹ ਵੀ ਦੇਖਣ ਨੂੰ ਆਇਆ ਹੈ ਕਿ Immigration ਵਾਲਿਆਂ ਤੋਂ ਗ਼ਲਤੀ ਹੋਈ ਹੈ।
So what are you waiting for? Make your first step towards and book your paid appointment with Regulated Canadian Immigration Consultant Harmanjot Sodhi, Nanny Specialist for over 24 years.
4515 Ebenezer Rd., Unit 215, Brampton
416-848-3930
Harmanjot Sodhi
B.E. (Electronics and Telecommunications)
Regulated Canadian Immigration Consultant,
Member, College of Immigration and Citizenship Consultants,
Member, Canadian Association of Professional Immigration Consultants,
www.globalvillageimmigration.com
info@gvisl.com
handle global_village_immigration_
India Office: SCF 28, Sector 56, (Phase 6) Mohali, Punjab, +91-90410-58844
CAPIC ACCP RCIC Regulated Can